# ਵਿਦੇਸ਼ ਮੰਤਰੀ, ਡਾ.  ਏਸ. ਜੈਸ਼ੰਕਰ ਦਾ ਰੂਸ ਦਾ ਦੌਰਾ (ਦਸੰਬਰ 25-29, 2023)

ਦਸੰਬਰ 30, 2023

ਵਿਦੇਸ਼ ਮੰਤਰੀ, ਡਾ. ਏਸ. ਜੈਸ਼ੰਕਰ ਨੇ 25-29 ਦਸੰਬਰ 2023 ਨੂੰ ਰੂਸ ਦਾ ਦੌਰਾ ਕੀਤਾ।

ਮਾਸ੍ਕੋ ਵਿੱਚ, ਵਿਦੇਸ਼ ਮੰਤਰੀ ਰਾਸ਼ਟਰਪਤੀ ਮਹਾਮਹਿਮ ਵਲਾਦੀਮੀਰ ਪੁਤਿਨ ਨਾਲ ਮਿਲੇ ਅਤੇ ਡਿਪਟੀ ਪ੍ਰਧਾਨ ਮੰਤਰੀ ਅਤੇ ਉਦਯੋਗ ਅਤੇ ਵਪਾਰ ਮੰਤਰੀ ਮਹਾਮਹਿਮ ਡੇਨਿਸ ਮੰਟੂਰੋਵ, ਅਤੇ ਵਿਦੇਸ਼ ਮੰਤਰੀ ਮਹਾਮਾਹਿਮ ਸਰਗੇਈ ਲਾਵਰੋਵ ਨਾਲ ਚਰਚਾਵਾਂ ਕੀਤੀਆਂ।

ਵਿਦੇਸ਼ ਮੰਤਰੀ ਦੇ ਵਪਾਰ ਅਤੇ ਆਰਥਿਕ, ਊਰਜਾ, ਸੁਰਕਹਿਆ, ਸੰਚਾਰ, ਸੱਭਿਆਚਾਰ ਅਤੇ ਲੋਕ ਦੇ ਲੋਕਾਂ ਨਾਲ ਅਦਾਨ-ਪ੍ਰਦਾਨ, ਅਤੇ ਦੋਵਾਂ ਦੇਸ਼ਾਂ ਦੇ ਖੇਤਰਾਂ ਦੇ ਵਿਚਕਾਰ ਸਹਿਯੋਗ ਵਿੱਚ ਦੁਵੱਲੀ ਸਹਿਯੋਗ ਉੱਤੇ ਵਿਚਾਰਾਂ ਦਾ ਵਿਆਪਕ ਅਦਾਨ-ਪ੍ਰਦਾਨ ਹੋਇਆ। ਉਹਨਾਂ ਨੇ ਵੈਸ਼੍ਵਿਕ ਅਤੇ ਖੇਤਰੀ ਵਿਕਾਸ ਜਿਸਦੇ ਵਿੱਚ ਬਹੁਪੱਖੀ ਸਹਿਯੋਗ ਸ਼ਾਮਿਲ ਹੈ, ਵਾਸਤੇ ਦ੍ਰਿਸ਼ਟੀਕੋਣ ਵੀ ਸਾਂਝੇ ਕੀਤੇ।

ਦੌਰੇ ਦੌਰਾਨ ਤੀਨ ਦਸਤਾਵੇਜ਼ਾਂ ਕੁਡਨ ਕੁਲਮ ਨਿਊਕਲੀਅਰ ਪਾਵਰ ਪਲਾਂਟ, ਦਵਾ ਅਤੇ ਸਿਹਤ ਸੰਭਾਲ ਵਿੱਚ ਸਹਿਯੋਗ 'ਤੇ ਇੱਕ ਸਮਝੌਤਾ ਅਤੇ ਵਿਦੇਸ਼ ਦਫ਼ਤਰ ਦੀ ਸਲਾਹ 'ਤੇ ਇੱਕ ਪ੍ਰੋਟੋਕੋਲ 'ਤੇ ਹਸਤਾਖ਼ਰ ਕੀਤੇ ਗਏ।

ਉਹਨਾਂ ਨੇ ਰੂਸੀ ਥਿੰਕ-ਟੈਂਕਾਂ/ਅਕਾਦਮਿਕਾਂ ਨਾਲ ਗੱਲਬਾਤ ਕੀਤੀ ਅਤੇ ਭਾਰਤੀ ਵਿਦੇਸ਼ ਨੀਤੀ ਦੇ ਦ੍ਰਿਸ਼ਟੀਕੋਣਾਂ ਦੇ ਨਾਲ-ਨਾਲ ਰੂਸ-ਭਾਰਤ ਸਬੰਧਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਮਾਸ੍ਕੋ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਵਿਦੇਸ਼ ਮੰਤਰੀ ਦੇ ਗੱਲਬਾਤ ਕਰਦਿਆਂ ਭਾਰਤ ਅਤੇ ਰੂਸ ਵਿੱਚਕਾਰ ਸਦਭਾਵਨਾ ਅਤੇ ਦੋਸਤੀ ਨੂੰ ਵਧਾਉਣ ਵਿੱਚ ਸੱਭਿਆਚਾਰਕ ਗਠਜੋੜ ਅਤੇ ਲੋਕ ਦੇ ਲੋਕਾਂ ਨਾਲ ਆਦਾਨ-ਪ੍ਰਦਾਨ ਦਾ ਭਰਪੂਰ ਯੋਗਦਾਨ ਝਲਕੀਆਂ।

ਸੇਂਟ ਪੀਟਰਸਬਰਗ ਵਿੱਚ, ਵਿਦੇਸ਼ ਮੰਤਰੀ ਨੇ ਰਾਜਪਾਲ, ਮਹਾਮਹਿਮ ਅਲੈਗਜ਼ੈਂਡਰ ਬੇਗਲੋਵ ਨਾਲ ਮੁਲਾਕਾਤ ਕੀਤੀ ਅਤੇ ਆਰਥਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਸਹਿਯੋਗ ਦੀ ਸੰਭਾਵਨਾਵਾਂ ਬਾਰੇ ਚਰਚਾ ਕੀਤੀ। ਉਹਨਾਂ ਦੀ ਸੇਂਟ ਪੀਟਰਸਬਰਗ ਯੂਨੀਵਰਸਿਟੀ ਵਿਖੇ ਵਿਭਿੰਨ ਵਰਗਾ ਦੇ ਭਾਰਤੀਵਿਦਵਾਨਾ ਨਾਲ ਇੱਕ ਚਰਚਾ ਹੋਈ। ਇਸ ਉੱਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ ਗਿਆ ਕਿ ਕਿਵੇਂ ਦੋਵੇਂ ਦੇਸ਼ਾਂ ਵਿੱਚ ਇੱਕ ਬਿਹਤਰ ਸਿੱਧੀ ਸਮਝ ਵਧਾਈ ਜਾਵੇ ਅਤੇ ਵਿਕਾਸ ਦੀ ਸਰਲਾਘਾ ਕੀਤੀ ਜਾਵੇ। ਉਹਨਾਂ ਨੇ ਸਕੂਲ ਨੰਬਰ 653 ਜਿਸਦਾ ਨਾਮ ਗੁਰੁਦੇਵ ਰਾਬਿੰਦਰਨਾਥ ਟੈਗੋਰ 'ਤੇ ਹੈ, ਇੱਕ ਪ੍ਰਮੁੱਖ ਰੂਸੀ ਸਰਕਾਰੀ ਸਕੂਲ ਜਿਥੇ ਹਿੰਦੀ ਨੂੰ ਇਸਦੇ ਇੱਕ ਨਿਯਮਤ ਪਾਠਕ੍ਰਮ ਵਜੋਂ ਪੜ੍ਹਾਇਆ ਜਾਂਦਾ ਹੈ, ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ।

ਵਿਦੇਸ਼ ਮੰਤਰੀ ਦੇ ਰੂਸ ਨੂੰ ਦੌਰਾ ਨੇ ਚਲ ਰਹੇ ਦੁਵੱਲੀ ਸਹਿਯੋਗ ਦੀ ਸਮੀਖਿਆ ਅਤੇ ਦੋਵੇਂ ਦੇਸ਼ਾਂ ਵਿੱਚਕਾਰ ਖਾਸ ਅਤੇ ਵਿਸ਼ੇਸ਼ ਅਧਿਕਾਰ ਵਾਲੀ ਸਾਂਝੇਦਾਰੀ ਨੂੰ ਅੱਗੇ ਹੋਰ ਮਜਬੂਤ ਕਰਨ ਦੇ ਰਸਤਿਆਂ 'ਤੇ ਵਿਚਾਰ ਕਰਨ ਦਾ ਇੱਕ ਮੌਕਾ ਪ੍ਰਦਾਨ ਕੀਤਾ। ਭਾਰਤ-ਰੂਸ ਦੇ ਸਬੰਧ ਮਜਬੂਤ ਅਤੇ ਸਥਿਰ ਰਹੇ ਹਨ ਜੋ ਦੋਵੇਂ ਦੇਸ਼ਾਂ ਵਿੱਚਕਾਰ ਰਣਨੀਤਕ ਇਕਸਾਰਤਾ, ਭੂ-ਰਾਜਨੀਤਿਕ ਹਿੱਤ, ਅਤੇ ਆਪਸੀ ਲਾਭਦਾਇਕ ਸਹਿਯੋਗ 'ਤੇ ਨਿਰਮਿਤ ਹੋਏ ਹਨ।

**ਨਵੀਂ ਦਿੱਲੀ**
**ਦਸੰਬਰ 30, 2023**